ਟੈਲੀਫੋਨ : 0478-8526134

ਸੰਪਾਦਕ : ਸੁਰਿੰਦਰ ਸਿੰਘ ਚੌਹਾਨ

ਸਹਾਇਕ ਸੰਪਾਦਕ : ਰਾਜੇਸ਼ ਕੁਮਾਰ

ਸੰਪਾਦਕੀ

ਸਾਡੇ ਸਮੇਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਦੀ ਹਰ ਚੀਜ਼ ਨੂੰ ਵਰਤੋਂ ਦੀ ਵਸਤੂ ਸਮਝਣ ਲੱਗ ਪਏ ਹਾਂ। ਇਸ ਵਰਤਾਰੇ ਨੇ ਸਾਡੇ ਸਮਾਜ ਦੇ ਹਰ ਖੇਤਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ ਸਾਡੇ ਰਿਸ਼ਤੇ ਹਨ। ਅਸੀਂ ਰਿਸ਼ਤਿਆਂ ਨੂੰ ਵੀ ਵਰਤੋਂ ਦੀ ਵਸਤੂ ਸਮਝਣ ਲੱਗ ਪਏ ਹਾਂ। ਜਦੋਂ ਤੱਕ ਰਿਸ਼ਤੇ ਸਾਡੇ ਕੰਮ ਆਉਂਦੇ ਰਹਿੰਦੇ ਹਨ, ਅਸੀਂ ਉਨ੍ਹਾਂ ਨੂੰ ਸੰਭਾਲ ਕੇ ਰੱਖਦੇ ਹਾਂ ਅਤੇ ਜਿਵੇਂ ਹੀ ਉਹ ਸਾਡੇ ਲਈ ਬੋਝ ਬਣਨ ਲੱਗਦੇ ਹਨ, ਅਸੀਂ ਉਨ੍ਹਾਂ ਨੂੰ ਤੋੜਨ ਵਿਚ ਜ਼ਰਾ ਵੀ ਦੇਰ ਨਹੀਂ ਲਾਉਂਦੇ। ਇਸ ਦੀ ਤਾਜ਼ਾ ਉਦਾਹਰਣ ਹੈ ਸਾਡੇ ਸਮਾਜ ਵਿਚ ਤਲਾਕ ਦੀ ਵਧਦੀ ਗਿਣਤੀ। ਇਹ ਸੱਚ ਹੈ ਕਿ ਕੁਝ ਰਿਸ਼ਤੇ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਨਿਭਾਉਣਾ ਸੰਭਵ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਤੋੜਨਾ ਹੀ ਪੈਂਦਾ ਹੈ, ਪਰ ਅਜਿਹੇ ਰਿਸ਼ਤਿਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਜ਼ਿਆਦਾਤਰ ਰਿਸ਼ਤੇ ਤਾਂ ਸਾਡੀ ਆਪਣੀ ਹਉਮੈ ਦੀ ਭੇਟ ਚੜ੍ਹਦੇ ਹਨ। ਅਸੀਂ ਆਪਣੇ ਅੰਦਰ ਇੰਨੀ ਹਉਮੈ ਪਾਲ ਲੈਂਦੇ ਹਾਂ ਕਿ ਕਿਸੇ ਹੋਰ ਲਈ ਥਾਂ ਹੀ ਨਹੀਂ ਬਚਦੀ। ਅਸੀਂ ਹਰ ਰਿਸ਼ਤੇ ਤੋਂ ਸਿਰਫ਼ ਆਪਣੀ ਹਉਮੈ ਦੀ ਤਸੱਲੀ ਚਾਹੁੰਦੇ ਹਾਂ ਅਤੇ ਜਿਵੇਂ ਹੀ ਇਹ ਤਸੱਲੀ ਨਹੀਂ ਮਿਲਦੀ, ਅਸੀਂ ਰਿਸ਼ਤੇ ਤੋੜ ਕੇ ਅੱਗੇ ਤੁਰ ਪੈਂਦੇ ਹਾਂ। ਇਸ ਦਾ ਸਭ ਤੋਂ ਵੱਡਾ ਨੁਕਸਾਨ ਬੱਚਿਆਂ ਨੂੰ ਹੁੰਦਾ ਹੈ। ਮਾਪਿਆਂ ਦੇ ਤਲਾਕ ਦਾ ਸਭ ਤੋਂ ਵੱਧ ਮਾਨਸਿਕ ਪ੍ਰਭਾਵ ਬੱਚਿਆਂ ਉੱਤੇ ਹੀ ਪੈਂਦਾ ਹੈ। ਉਹ ਆਪਣੇ ਮਾਪਿਆਂ ਦੇ ਪਿਆਰ ਤੋਂ ਵਾਂਝੇ ਹੋ ਜਾਂਦੇ ਹਨ। ਉਨ੍ਹਾਂ ਦੇ ਮਨ ਵਿਚ ਅਸੁਰੱਖਿਆ ਦੀ ਭਾਵਨਾ ਘਰ ਕਰ ਜਾਂਦੀ ਹੈ। ਉਹ ਆਪਣੇ ਆਪ ਨੂੰ ਇਕੱਲੇ ਮਹਿਸੂਸ ਕਰਨ ਲੱਗਦੇ ਹਨ। ਉਨ੍ਹਾਂ ਦੀ ਪੜ੍ਹਾਈ ਅਤੇ ਸ਼ਖ਼ਸੀਅਤ ਦੇ ਵਿਕਾਸ ਉੱਤੇ ਇਸ ਦਾ ਬਹੁਤ ਮਾੜਾ ਅਸਰ ਪੈਂਦਾ ਹੈ। ਇਸ ਲਈ ਰਿਸ਼ਤਿਆਂ ਨੂੰ ਤੋੜਨ ਤੋਂ ਪਹਿਲਾਂ ਸਾਨੂੰ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਕੀ ਅਸੀਂ ਸੱਚਮੁੱਚ ਇਸ ਰਿਸ਼ਤੇ ਨੂੰ ਨਿਭਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ? ਕੀ ਅਸੀਂ ਆਪਣੇ ਅੰਦਰ ਥੋੜ੍ਹੀ ਜਿਹੀ ਹਉਮੈ ਨੂੰ ਮਾਰ ਕੇ ਰਿਸ਼ਤੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ? ਕੀ ਅਸੀਂ ਆਪਣੇ ਸਾਥੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ? ਕੀ ਅਸੀਂ ਆਪਣੇ ਸਾਥੀ ਨੂੰ ਉਸ ਦੀਆਂ ਕਮਜ਼ੋਰੀਆਂ ਸਮੇਤ ਸਵੀਕਾਰ ਕੀਤਾ ਹੈ? ਜੇ ਇਨ੍ਹਾਂ ਸਵਾਲਾਂ ਦਾ ਜਵਾਬ ਹਾਂ ਵਿਚ ਹੈ ਤਾਂ ਹੀ ਸਾਨੂੰ ਰਿਸ਼ਤੇ ਤੋੜਨ ਦਾ ਫ਼ੈਸਲਾ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਫ਼ੈਸਲਾ ਸਾਡੀ ਆਪਣੀ ਹਉਮੈ ਦੀ ਤਸੱਲੀ ਤੋਂ ਵੱਧ ਕੁਝ ਨਹੀਂ ਹੋਵੇਗਾ।

ਅਸੀਂ ਰਿਸ਼ਤੇ ਤੋੜਨ ਵਿਚ ਜਿੰਨੀ ਤੇਜ਼ੀ ਦਿਖਾਉਂਦੇ ਹਾਂ, ਉਨੀ ਤੇਜ਼ੀ ਜੇ ਰਿਸ਼ਤੇ ਨਿਭਾਉਣ ਵਿਚ ਦਿਖਾਈਏ ਤਾਂ ਸਾਡੇ ਸਮਾਜ ਵਿਚ ਤਲਾਕ ਦੀ ਗਿਣਤੀ ਬਹੁਤ ਘੱਟ ਜਾਵੇਗੀ